## ਕੌਂਸਲ ਟੈਕਸ ਦੀ ਅਦਾਇਗੀ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ? (HOW TO PAY LESS COUNCIL TAX)

### ਕੀ ਤੁਸੀਂ ਕਟੌਤੀ ਦੇ ਹੱਕਦਾਰ ਹੋ? Are you entitled to a discount?

ਕੌਂਸਲ ਟੈਕਸ ਦਾ ਬਿੱਲ, ਇਸ ਅਧਾਰ ਤੇ ਰੱਖਿਆ ਗਿਆ ਹੈ ਕਿ ਇਕ ਘਰ ਵਿਚ **ਦੋ** ਬਾਲਿਗ ਵਿਆਕਤੀ ਰਹਿੰਦੇ ਹਨ।

ਇਸ ਬਿੱਲ ਵਿਚ ਕੋਈ ਵਾਧਾ **ਨਹੀਂ** ਹੋਵੇਗਾ, ਜੇਕਰ ਉਸੇ ਘਰ ਵਿਚ ਦੋ ਬਾਲਿਗ ਵਿਆਕਤੀਆਂ ਤੋਂ ਜ਼ਿਆਦਾ ਲੋਕ ਰਹਿੰਦੇ ਹਨ।

ਜੇਕਰ ਤੁਸੀਂ ਆਪਣੇ ਘਰ ਵਿਚ **ਇਕੱਲੇ (ਬਾਲਿਗ)** ਵਿਆਕਤੀ ਰਹਿੰਦੇ ਹੋ ਤਾਂ ਤੁਹਾਡਾ ਬਿੱਲ ਇਕ ਚੌਥਾਈ (25%) ਘਟ ਹੋ ਸਕਦਾ ਹੈ।

ਜੇਕਰ ਘਰ ਵਿਚ ਕੋਈ ਨਹੀਂ ਰਹਿੰਦਾ ਅਤੇ **ਖਾਲੀ** ਪਿਆ ਹੈ ਤਾਂ ਅੱਧਾ **(50%)** ਬਿੱਲ ਹੋ ਸਕਦਾ ਹੈ।

ਜਦੋਂ ਬਿੱਲ ਦੀ ਕਟੌਤੀ ਦਾ ਫ਼ੈਸਲਾ ਕੀਤਾ ਜਾਂਦਾ ਹੈ ਤਾਂ **ਕੁੱਝ ਵਿਆਕਤੀਆਂ** ਨੂੰ ਗਿੱਣਤੀ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ, ਜੇਕਰ ਉਹ ਹੇਠਾਂ ਲਿਖੀਆਂ ਸ਼ਰਤਾਂ ਅੰਦਰ ਆਉਂਦੇ ਹਨ।

### ਇਹ ਹਨ :-

- 18 ਸਾਲਾਂ ਤੋਂ ਘੱਟ ਉਮਰ ਦੇ ਬਚੇ।
- 18 ਸਾਲਾਂ ਤੋਂ ਜ਼ਿਆਦਾ ਉਮਰ ਦਾ ਬਚਾ ਜਿਸਨੂੰ ਹਾਲੇ ਚਾਇਲ ਬੈਨੀਫ਼ਿੱਟ ਮਿਲਦਾ ਹੋਵੇ।
- 18 ਜਾਂ 19 ਸਾਲਾਂ ਦੇ ਬਚੇ ਜਿਹਨਾਂ ਨੇ 30 ਅਪਰੈਲ ਤੋਂ ਬਾਅਦ ਵਿਚ ਸਕੂਲ ਛੱਡਿਆ ਹੈ, ਇਹਨਾਂ ਨੂੰ ਇਸੇ ਸਾਲ ਦੇ 1 ਨਵੰਬਰ ਤੱਕ ਨਹੀਂ ਗਿਣਿਆ ਜਾਵੇਗਾ।
- ਲੋਕੀ ਜਿਹੜੇ ਦਿਮਾਗੀ ਖਰਾਬੀ ਵਾਲੇ ਹਨ।
- ਸਿਖਿਆਰਥੀ (ਅਪਰੈਨਟਿੱਸ)
- ਯੂਥ ਟਰੇਨਿੰਗ ਦੀ ਪ੍ਰਾਪਤੀ ਵਾਲੇ।
- ਕੇਅਰ ਕਰਮਚਾਰੀ।
- ਕੇਅਰਰਜ਼।
- ਰੈਜ਼ੀਡੈਂਟ ਕੇਅਰ ਹੋਮ, ਨਰਸਿੰਗ ਹੋਮਜ਼ ਵਿਚ ਰਹਿੰਦੇ ਵਿਆਕਤੀ ਅਤੇ ਜੋ ਹੋਸਟੱਲ ਵਿਚ ਉਚੇ ਪਧਰ ਦੀ ਕੇਅਰ ਦਿੰਦੇ ਹਨ।
- ਰੈਜ਼ੀਡੈਂਟ ਹਸਪਤਾਲਾਂ ਦੇ ਮਰੀਜ਼।
- ਕੈਦੀ ਜੋ ਸਜ਼ਾ ਕੱਟ ਰਹੇ ਹਨ ( ਸਿਵਾਏ ਉਹਨਾਂ ਦੇ ਜਿਹਨਾਂ ਨੂੰ ਕੌਂਸਲ ਟੈਕਸ ਨਾ ਭਰਨ ਦਾ ਜੁਰਮਾਨਾ ਕੀਤਾ ਗਿਆ ਹੈ )
- ਪੂਰੇ ਸਮੇਂ ਪੜ੍ਹਨ ਵਾਲੇ ਵਿਦਿਆਰਥੀ।
- ਵਿਦਿਆਰਥੀ ਨਰਸਾਂ।
- ਡਿਪਲੋਮੈਟ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਮੈਂਬਰ ਜਿਹਨਾਂ ਦੇ ਹੈਡ ਕੁਆਰਟਰ ਯੂਕੇ ਵਿਚ ਹਨ ਅਤੇ ਉਹਨਾਂ ਦੀਆਂ ਗੈਰ ਬ੍ਰਿਟਿਸ਼ ਪਤਨੀਆਂ।
- ਧਾਰਮਿਕ ਕਮਿਊਨਿਟੀਆਂ ਦੇ ਮੈਂਬਰ ਜਿਵੇਂ ਭਿਖਸ਼ੂ (Monks) ਅਤੇ ਨੱਨਜ਼ (Nuns)।

ਆਪਣੇ ਪਿੱਛਲੇ ਕੌਂਸਲ ਟੈਕਸ ਦੇ ਬਿਲ ਨੂੰ ਚੈਕ ਕਰੋ ਜੇਕਰ ਤੁਹਾਨੂੰ ਸਹੀ ਕਟੌਤੀ ਨਹੀਂ ਮਿਲਦੀ ਤਾਂ ਕਸਟਮਰ ਸਰਵਿਸਜ਼ ਨੂੰ **ਹੁਣੇ** ਸੰਪਰਕ ਕਰੋ।

# ਕੌਂਸਲ ਟੈਕਸ ਦੀ ਅਦਾਇਗੀ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?

## ਕੀ ਤੁਹਾਡੇ ਮਕਾਨ ਨੂੰ ਇਸ ਟੈਕਸ ਤੋਂ ਛੋਟ ਮਿਲਣੀ ਚਾਹੀਦੀ ਹੈ ?

ਤੁਹਾਡੇ ਮਕਾਨ ਨੂੰ ਇਸ ਕੌਂਸਲ ਟੈਕਸ ਤੋਂ ਛੋਟ ਮਿਲ ਸਕਦੀ ਹੈ ਕਿਉਂਕਿ ਇਸ ਵਿਚ ਹੇਠਾਂ ਲਿਖੇ ਵਿਅਕਤੀ ਰਹਿੰਦੇ ਹਨ।

- ਵਿਦਿਆਰਥੀ
- 18 ਸਾਲਾਂ ਤੋਂ ਹੇਠ ਉਮਰ ਦੇ ਬਚੇ।
- ਵਿਅਕਤੀ ਜਿਹਨਾਂ ਦੀ ਦਿਮਾਗੀ ਦਸ਼ਾ ਬਿਲਕੁਲ ਠੀਕ ਨਹੀਂ।
- ਜਿਥੇ ਮਕਾਨ ਮਾਲਕ ਜਾਂ ਕੇਅਰਰ ਹੋਮ ਦੇ ਮਾਲਕ ਹੋਵੇ ਅਤੇ ਇਹਨਾਂ ਦੀਆਂ ਜ਼ਿੰਮੇਦਾਰੀਆਂ ਨੂੰ ਰਿਆਇਤ ਨਹੀਂ ਦਿਤੀ ਹੋਵੇ।
- ਸਟੂਡੈਂਟ ਹਾਲ ਆਫ ਰੈਜ਼ੀਡੈਂਟਸ।

ਹੇਠਾਂ ਕੁਝ ਪ੍ਰਾਪਟੀਆਂ ਨੂੰ ਥੋਹੜੇ ਸਮੇਂ ਲਈ ਕੌਂਸਲ ਟੈਕਸ ਤੋਂ ਮਾਫ ਕੀਤਾ ਜਾਂਦਾ ਹੈ ਕਿਉਂਕਿ ਉਹ :-

- ਉਚਿੱਤ ਰੂਪ ਵਿਚ ਖਾਲੀ ਹੈ ( 6 ਮਹਿਨੀਆਂ ਲਈ ਮਾਫੀ )
- ਇਹ ਚੈਰਟੀ ਵਾਲਿਆਂ ਦੇ ਕੋਲ ਹੈ ( 6 ਮਹਿਨੀਆਂ ਲਈ ਮਾਫੀ )
- ਇਸਦੇ ਢਾਂਚੇ ਦੀ ਮੁਰੰਮਤ ਹੋ ਰਹੀ ਹੈ ਜਾਂ ਮੁਰੰਮਤ ਕਰਨ ਦੀ ਜ਼ਰੂਰਤ ਹੈ ( 12 ਮਹਿਨੀਆਂ ਲਈ ਮਾਫੀ )
- ਤਸਦੀਕੀ ਵਸੀਅਤਨਾਮਾ ਜਾਂ ਅਧਿਕਾਰੀਆਂ ਕੋਲੋ ਮਨਜ਼ੂਰੀ ਦੀ ਚਿੱਠੀ ਦੀ ਉਡੀਕ ਵਿਚ ਹੋਵੇ ( ਇਸਤੋਂ ਅਗੇ ਤੱਕ 6 ਮਹਿਨੀਆਂ ਲਈ ਮਾਫੀ )

ਹੇਠ ਲਿਖੀਆਂ ਪ੍ਰਾਪਟੀਆਂ ਤੋਂ ਕੌਂਸਲ ਟੈਕਸ ਵਸੂਲ ਨਹੀਂ ਕੀਤਾ ਜਾਂਦਾ ਕਿਉਂਕਿ ਇਹ ਹੇਠਾਂ ਦਿਤੇ ਕਾਰਣਾਂ ਕਰਕੇ ਖਾਲੀ ਹਨ ਜਿਵੇਂ :-

- ਇਸ ਵਿਚ ਰਹਿਣ ਵਾਲਾ ਵਿਅਕਤੀ ਕੈਦ ਕੱਟ ਰਿਹਾ ਹੈ ( ਕੌਂਸਲ ਟੈਕਸ ਨਾ ਭਰਨ ਦੇ ਜ਼ੁਲਮ ਤੋਂ ਇਲਾਵਾ )
- ਇਸ ਵਿਚ ਰਹਿਣ ਵਾਲਾ ਵਿਅਕਤੀ ਨਿਜ਼ੀ ਦੇਖਭਾਲ ਲਈ ਹਸਪਤਾਲ ਜਾਂ ਹੋਮ ਜਾਂ ਕਿਤੇ ਹੋਰ ਗਿਆ ਹੋਵੇ।
- ਇਸ ਵਿਚ ਰਹਿਣ ਵਾਲਾ ਵਿਅਕਤੀ ਕਿਸੇ ਹੋਰ ਦੀ ਦੇਖਭਾਲ ਕਰਨ ਲਈ ਉਸ ਵਿਅਕਤੀ ਦੇ ਕੋਲ ਰਹਿ ਰਿਹਾ ਹੈ।
- ਪ੍ਰਾਪਟੀ ਨੂੰ ਵਾਪਸੀ ਕਬਜ਼ੇ ਵਿਚ ਲੈ ਲਿਆ ਗਿਆ ਹੋਵੇ।
- ਇਹ ਇਕ ਵੱਡੀ ਇਮਾਰਤ ਦੇ ਨਾਲ ਇਕ ਛੋਟੀ ਬਿਡਿੰਗ ਹੈ ਜਿਵੇਂ ਦਾਦੀ ਜਾਂ ਨਾਨੀ ਦਾ ਫਲੈਟ।
- ਇਸ ਵਿਚ ਰਹਿਣ ਵਾਲੇ ਨੂੰ ਕਾਨੂੰਨੀ ਤੌਰ ਤੇ ਮਨਾਹੀ ਹੋਵੇ।
- ਇਹ ਧਾਰਮਿਕ ਦੂਤ ਲਈ ਰਖੀ ਗਈ ਹੋਵੇ।
- ਇਸਦਾ ਕਬਜ਼ਾ ਦਿਵਾਲਿਆ (ਬੈਂਕਰਪੱਟ) ਦੇ ਟ੍ਰਸਟੀਆਂ ਕੋਲ ਹੋਵੇ।
- ਇਸਦਾ ਮਾਲਕ ਵਿਦਿਆਰਥੀ ਹੈ ਅਤੇ ਉਸਨੇ ਇਸਨੂੰ ਖਾਲੀ ਛੱਡਿਆ ਹੈ।

ਆਪਣੇ ਪਿਛਲੇ ਕੌਂਸਲ ਟੈਕਸ ਦੇ ਬਿਲ ਨੂੰ ਚੈੱਕ ਕਰੋ। ਕੀ ਉਪਰ ਦਿਤੀਆਂ ਵਿਚੋਂ ਤੁਹਾਡੀ ਪ੍ਰਾਪਟੀ ਤੇ ਕੋਈ ਲਾਗੂ ਹੁੰਦੀ ਹੈ।

# ਕੌਂਸਲ ਟੈਕਸ ਦੀ ਅਦਾਇਗੀ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ?

## ਕੀ ਤੁਹਾਨੂੰ ਡਿਸਏਬਲਮੈਂਟ ਰਾਲੀਫ (Disablement Relief) ਮਿਲ ਸਕਦਾ ਹੈ ?

ਜਦੋਂ ਤੁਸੀਂ ਡਿਸਏਬਲਮੈਂਟ ਰਾਲੀਫ (Disablement Relief) ਲੈਣ ਦੇ ਹੱਕਦਾਰ ਹੋ ਜਾਂਦੇ ਹੋ ਤਾਂ ਤੁਹਾਡੀ ਪ੍ਰਾਪਟੀ ਦਾ ਬਿਲ, ਜੋ ਤੁਸੀਂ ਹੁਣ ਦਿੰਦੇ ਹੋ ਉਸਤੋਂ ਜਾਂ ਬੈਂਡ ਏ (Band A ) ਤੋਂ 1/6 ਹਿੱਸਾ ਘੱਟ ਹੋ ਸਕਦਾ ਹੈ ।

ਇਸ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਤੁਹਾਡਾ ਘਰ ਇਕ ਵਿਸ਼ੇਸ਼ ਢੰਗ ਦਾ ਹੋਣਾ ਜ਼ਰੂਰੀ ਹੈ ਜਾਂ ਜ਼ਿਆਦਾ ਆਵੱਸ਼ਕਤਾ ਇਹ ਹੋਣੀ ਚਾਹੀਦੀ ਹੈ ਕਿ ਜੋ ਅਪਾਹਿਜ਼ ਇਸ ਘਰ ਵਿਚ ਰਹਿੰਦਾ ਹੈ (ਬਾਲਿਗ ਜਾਂ ਬਚਾ ) ਉਸ ਦੀਆਂ ਸਹੂਲਤਾਂ ਲਈ ਢੁਕਵਾ ਹੋਵੇ ।

ਇਹ ਵਿਸ਼ੇਸ਼ਤਾਵਾਂ ਹਨ :-

- ਕਮਰਾ ( ਬਾਥਰੂਮ, ਰਸੋਈ ਅਤੇ ਟੋਇਲੱਟ ਨੂੰ ਛੱਡਕੇ ) ਜਿਸ ਵਿਚ ਅੰਗਹੀਣਤਾ ਵਾਲਾ ਵਿਆਕਤੀ ਰਹਿੰਦਾ ਹੈ ਇਸਦੀਆਂ ਉਧਾਰਣਾਂ ਹਨ ਸੌਣ ਵਾਲਾ ਕਮਰਾ ਹੇਠਲੀ ਮੰਜ਼ਿਲ ਤੇ ਹੈ , ਕਮਰਾ ਜਿਸ ਵਿਚ ਡਿਆਇਲੇਸਿਸ ਯੂਨਿਟ ਫ਼ਿੱਟ ਹੋਵੇ ।
- ਅੰਗਹੀਣ ਵਿਆਕਤੀ ਦੇ ਇਸਤਮਾਲ ਕਰਨ ਲਈ ਵਖਰਾ ਬਾਥਰੂਮ ਜਾਂ ਰਸੋਈ ਹੋਵੇ ।
- ਵੀਲਚੇਅਰ ਨੂੰ ਖੜ੍ਹੀ ਕਰਨ ਲਈ ਘਰ ਦੇ ਬਾਹਰ ਹੋਰ ਜਗ੍ਹਾ ਹੋਵੇ ।

ਕੌਂਸਲ ਇਸਦਾ ਫੈਸਲਾ ਕਰੇਗੀ ਕਿ ਅੰਗਹੀਣ ਵਿਆਕਤੀ ਨੂੰ ਜੇ ਇਹ ਸਹੂਲਤਾਂ ਨਹੀਂ ਹੋਣਗੀਆਂ ਤਾਂ ਉਸਨੂੰ :-

- ਘਰ ਵਿਚ ਬਹੁਤ ਸਾਰੀਆਂ ਕਠਿਨਾਈਆਂ ਮਹਿਸੂਸ ਹੋਣਗੀਆਂ ।
- ਇਸਦੀ ਸਿਹਤ ਤੇ ਅਸਰ ਪੈ ਸਕਦਾ ਹੈ ।
- ਆਪਾਹਿਜ਼ਤਾ ਵਧੇਰੇ ਵੱਧ ਸਕਦੀ ਹੈ ।

<u>ਨੋਟ</u>

**ਇਹ ਕਮਰੇ ਨੂੰ ਵਿਸ਼ੇਸ਼ ਤੌਰ ਤੇ ਬਣਾਉਣ ਦੀ ਜ਼ਰੂਰਤ ਨਹੀਂ ਹੈ, ਪਰ ਇਸ ਮੌਜੂਦਾ ਕਮਰੇ ਦਾ ਇਸਤਮਾਲ ਅਪਾਹਿਜ਼ ਵਿਆਕਤੀ ਕਰਦਾ ਹੋਵੇ ।**

ਡਿਸਏਬਿਲਟੀ ਰਾਲੀਫ ਨੂੰ ਕਲੇਮ ਕਰਨ ਲਈ ਅਰਜ਼ੀ ਦਾ ਭਰਨਾ ਜ਼ਰੂਰੀ ਹੈ । ਕ੍ਰਿਪਾ ਸਾਡੇ ਕੱਸਟਮਰ ਸਰਵਿਸਸ ਨੂੰ <u>ਹੁਣੇ</u> ਸੰਪਰਕ ਕਰੋ ।

## ਹਾਉਸਿੰਗ / ਕੌਂਸਲ ਟੈਕਸ ਬੈਨੀਫ਼ਿੱਟ ਕੀ ਹੈ ?

ਹਾਉਸਿੰਗ ਬੈਨੀਫ਼ਿੱਟ ਤੁਹਾਡੀ ਸਥਿਤੀ ਅਨੁਸਾਰ ਘਰਾਂ ਦੇ ਖਰਚਿਆਂ ਦੀ ਜਾਂਚ ਕਰਕੇ ਮਦਦ ਦੇਣ ਵਾਲਾ ਹਾਉਸਿੰਗ ਬੈਨੀਫ਼ਿੱਟ ਹੈ । ਇਸਨੂੰ ਰੈਂਟ ਰੀਬੇਟ ( ਕਿਰਾਏ ਵਿਚ ਕਟੌਤੀ ) ਅਤੇ ਰੈਂਟ ਅਲਾਉਂਸ ( ਕਿਰਾਏ ਵਿਚ ਛੋਟ ) ਵੀ ਕਹਿੰਦੇ ਹਨ ।

ਕੌਂਸਲ ਟੈਕਸ ਬੈਨੀਫ਼ਿੱਟ ਵੀ ਤੁਹਾਡੀ ਸਥਿਤੀ ਅਨੁਸਾਰ ਜਾਂਚ ਕਰਕੇ ਉਸਦੀ ਦੀ ਲਾਗਤ ਵਿਚ ਸਹਾਇਤਾ ਕਰਦਾ ਹੈ । ਤੁਸੀਂ ਜੋ ਵੀ ਹੋਰ ਮਾਲੀ ਸਹਾਇਤਾ ਪ੍ਰਾਪਤ ਕਰਦੇ ਹੋ ਉਸ ਤੋਂ ਇਲਾਵਾ ਹੋ ਸਕਦਾ ਹੈ ।

ਇਹ ਨਿਜ਼ੀ ਆਰਥਿਕ ਦਿਸ਼ਾ ਤੇ ਨਿਰਭਰ ਹੈ ਜੋ ਕਿ 100% ਮਦਦ ਲਈ ਵੀ ਹੋ ਸਕਦਾ ਹੈ ।

ਇਕ ਹੋਰ ਕੌਂਸਲ ਟੈਕਸ ਬੈਨੀਫ਼ਿੱਟ ਵੀ ਹੈ ਜਿਸਨੂੰ ਸੈਕੰਡ ਐਡਲਟ ਰੀਬੇਟ (2AR) ਕਹਿੰਦੇ ਹਨ ਇਹ ਵੀ ਦਿਤਾ ਜਾ ਸਕਦਾ ਹੈ । ਜੇਕਰ

ਤੁਹਾਡੀ ਆਮਦਨੀ ਜ਼ਿਆਦਾ ਹੈ ਅਤੇ ਤੁਹਾਡੇ ਘਰ ਵਿਚ ਹੋਰ ਐਡਲਟ ਰਹਿੰਦਾ ਹੈ ( **ਆਪਣੇ ਪਾਰਟਨਰ ਨੂੰ ਛੱਡਕੇ** ) ਅਤੇ ਇਸਦੀ ਆਮਦਨੀ ਘੱਟ ਹੈ ਤਾਂ ਤੁਸੀਂ ਸੈਕੰਡ ਐਡਲਟ ਰੀਬੇਟ ਲੈਣ ਦੇ ਹੱਕਦਾਰ ਹੋ ਸਕਦੇ ਹੋ। ਦੂਸਰੇ ਵਿਆਕਤੀ ਲਈ ਬੈਨੀਫ਼ਿੱਟ ਕੁੱਲ ਬਿੱਲ ਵਿਚੋਂ ਜ਼ਿਆਦਾ ਤੋਂ ਜ਼ਿਆਦਾ 25% ਘੱਟ ਹੋ ਸਕਦਾ ਹੈ। ਜਦੋਂ ਤੁਸੀਂ ਅਰਜ਼ੀ ਦਿੰਦੇ ਹੋ ਤਾਂ ਅਸੀਂ ਇਸ ਤੇ ਆਪਣੇ ਆਪ ਦੋਹਨਾਂ ਬੈਨੀਫਿੱਟ ਤੇ ਨਿਰਧਾਰਿਤ ਕਰਦੇ ਹਾਂ ਭਾਵੇਂ ਤੁਸੀਂ 2AR ਤੇ ਅਰਜ਼ੀ ਦੇਣੀ ਚਾਹੁੰਦੇ ਹੋ।

## ਕੌਣ ਇਸ ਤੇ ਕਲੇਮ ਕਰ ਸਕਦਾ ਹੈ ?

ਕੋਈ ਵੀ ਜੋ ਘਰ ਦੀ, ਕੌਂਸਲ ਟੈਕਸ ਜਾਂ ਦੋਹਨੋਂ ਦੀ ਕੀਮਤ ਅੱਦਾ ਕਰਨ ਦਾ ਜ਼ਿੰਮੇਦਾਰ ਹੈ।

ਇਹਨਾਂ ਵਿਚ ਮਕਾਨ ਮਾਲਕ, ਕੌਂਸਲ ਕਰਾਏਦਾਰ, ਹਾਊਸਿੰਗ ਐਸੋਸੀਏਸ਼ਨ ਕਿਰਾਏਦਾਰ, ਪ੍ਰਾਇਵੇਟ ਮਾਲਕ ਕਰਾਏਦਾਰ, ਰਿਹਾਇਸ਼ੀ ਅਤੇ ਦੂਜਾ ਐਡਲਟ ਸ਼ਾਮਿਲ ਹੋ ਸਕਦੇ ਹਨ ( ਇਹ ਸਾਰੇ ਗਰੁਪ ਦੋਨੋਂ ਬੈਨੀਫ਼ਿੱਟ ਨਹੀਂ ਲੈ ਸਕਦੇ )।

## ਮੈਨੂੰ ਕਿਵੇਂ ਪਤਾ ਲਗੇਗਾ ਕਿ ਮੈਂ ਬੈਨੀਫ਼ਿੱਟ ਲੈਣ ਦਾ ਹੱਕਦਾਰ ਹਾਂ ? ਅਤੇ ਇਸ ਨੂੰ ਮੈਂ ਕਿਵੇਂ ਪ੍ਰਾਪਤ ਕਰ ਸਕਦਾ ਹਾਂ ?

ਤੁਸੀਂ ਇਸ ਪੰਨੇ ਦੇ ਅੰਤ ਵਿਚ ਦਿਤੇ ਟੈਲੀਫ਼ੋਨ ਰਾਹੀ ਜਾਂ ਚਿਠੀ ਪਤਰ ਰਾਹੀ ਕਲੇਮ ਫਾਰਮ ਹਾਸਲ ਕਰ ਸਕਦੇ ਹੋ ਅਤੇ ਇਸ ਲਈ ਅਗੇ ਸਲਾਹ ਜਿਸ ਵਿਚ ਹਿਸਾਬ ਲਾਉਣਾ ਵੀ ਸ਼ਾਮਿਲ ਹੈ ਲੈ ਸਕਦੇ ਹੋ।

## ਜੇਕਰ ਮੈਂ ਦੋਹਨੋਂ ਬੈਨੀਫ਼ਿੱਟ ਲੈਣਾ ਚਾਹੁੰਦਾ ਹੋਵਾਂ ਤਾਂ ਕੀ ਮੈਨੂੰ 2 ਫਾਰਮ ਭਰਨੇ ਪੈਣਗੇ ?

ਨਹੀਂ। ਇਕੋ ਫਾਰਮ ਦੋਹਨਾਂ ਤੇ ਲਾਗੂ ਹੁੰਦਾ ਹੈ। ਤੁਸੀਂ ਦੂਸਰੇ ਬਾਲਿਗ ਦੇ ਰੀਬੇਟ ਲਈ ਵੀ ਇਸੇ ਫਾਰਮ ਦੀ ਵਰਤੋਂ ਕਰ ਸਕਦੇ ਹੋ।

## ਜਦੋਂ ਮੈਂ ਕਲੇਮ ਕਰਾਂਗਾ ਤਾਂ ਇਹ ਕਦੋਂ ਸ਼ੁਰੂ ਹੋਵੇਗਾ ? ਅਤੇ ਕਿੰਨੀ ਦੇਰ ਤੱਕ ਚਲੇਗਾ ?

ਤੁਹਾਡੀ ਅਰਜ਼ੀ ਦੇ ਮਿਲਣ ਤੋਂ ਬਾਅਦ ਦੇ ਸੋਮਵਾਰ ਤੋਂ ਸ਼ੁਰੂ ਹੁੰਦਾ ਹੈ ਭਾਵੇਂ ਕੁਝ ਕੇਸਾਂ ਵਿਚ ਇਹ ਪਹਿਲਾਂ ਹੀ ਸ਼ੁਰੂ ਕੀਤਾ ਜਾ ਸਕਦਾ ਹੈ। 13 ਹਫ਼ਤਿਆਂ ਤੱਕ ਤੁਸੀਂ ਇਹ ਕਲੇਮ ਪਹਿਲਾਂ ਹੀ ਲੈ ਸਕਦੇ ਹੋ ਜੇਕਰ ਤੁਸੀਂ ਇਹ ਮਹਿਸੂਸ ਕਰੋ ਕਿ ਅਗੇ ਆਉਣ ਵਾਲੇ ਹਾਲਤ ਬਦਲ ਜਾਣਗੇ ਜਿਸ ਨਾਲ ਬੈਨੀਫ਼ਿੱਟ ਮਿਲ ਸਕਦਾ ਹੈ। ਅਜਿਹੀ ਸਥਿਤੀ ਵਿਚ ਜੇਕਰ ਤੁਸੀਂ ਕਲੇਮ ਕਰਦੇ ਹੋ ਤਾਂ ਕ੍ਰਿਪਾ ਆਪਣੇ ਫਾਰਮ ਵਿਚ ਦਸੋ। ਇਸ ਦੀ ਉਧਾਰਣ ਹੈ ਜਿਵੇਂ ਕਿ ਤੁਸੀਂ ਛੇਤੀ ਹੀ ਰਿਟਾਇਰ ਹੋਣ ਵਾਲੇ ਹੋਵੋ।

ਤੁਹਾਡਾ ਕਲੇਮ 60 ਹਫ਼ਤਿਆਂ ਤੱਕ ਖਤਮ ਹੋ ਸਕਦਾ ਹੈ। ਆਮ ਮੁਨਿਆਦ 52 ਹਫ਼ਤਿਆਂ ਦੀ ਹੋਵੇਗੀ। ਇਹ ਘੱਟ ਵੀ ਹੋ ਸਕਦੀ ਹੈ ਜਿਹੜੀ ਕਲੇਮ ਦੇ ਕਿਸਮ ਤੇ ਨਿਰਭਰ ਹੈ।

ਭਾਵੇਂ ਤੁਹਾਡੇ ਕੋਲ ਸਾਰੀ ਜਾਣਕਾਰੀ / ਸਬੂਤ ਨਾ ਵੀ ਹੋਣ ਜੋ ਇਸ ਅਰਜ਼ੀ ਵਿਚ ਭਰਨੇ ਹਨ ਤਾਂ ਵੀ ਆਪਣੇ ਕਲੇਮ ਫਾਰਮ ਨੂੰ ਛੇਤੀ ਵਾਪਸ ਭੇਜੋ। ਇਹ ਬਾਅਦ ਵਿਚ ਵੀ ਭੇਜੇ ਜਾ ਸਕਦੇ ਹਨ।

## ਇਸਨੂੰ ਕਲੇਮ ਕਰਨ ਲਈ ਮੈਨੂੰ ਅਰਜ਼ੀ ਭਰਨ ਵਿਚ ਕਿਹੜੇ ਸਬੂਤਾਂ ਦੀ ਜ਼ਰੂਰਤ ਪਵੇਗੀ ?

ਹਾਲ ਦੇ ਸਰਕਾਰੀ ਕਾਨੂੰਨ ਵਿਚ ਤਬਦੀਲੀਆਂ ਹੋਣ ਕਰਕੇ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕਲੇਮ ਕਰਨ ਵਾਲੇ ਨੂੰ ਆਪਣੇ ਅਤੇ ਆਪਣੇ ਸਾਥੀ ਸੰਬੰਧੀ ਸ਼ਨਾਖਤੀ ਸਬੂਤ ਦੇਣੇ ਪੈਣਗੇ ਅਤੇ ਨੈਸ਼ਨਲ ਇੰਸ਼ੂਰੈਂਸ ਨੰਬਰ ਦੇ ਨਾਲ ਨਾਲ ਹੁਣ ਆਮਦਨੀ / ਧੰਨ ਬਚਤ ਸੰਬੰਧੀ ਵੀ ਸਬੂਤ ਦੇਣੇ ਪੈਣਗੇ। ਇਹ ਤੁਹਾਡੀ ਅਤੇ ਦੂਸਰੇ ਮੈਂਬਰ ਜੋ ਕਲੇਮ ਕਰਨਾ ਚਾਹੁੰਦੇ ਹਨ ਉਹਨਾਂ ਵਲੋਂ ਦੇਣੇ ਪੈਣਗੇ।

ਹੇਠਾਂ ਦਿਤੀ - ਇਸ ਲਿਸੱਟ ਵਿਚੋਂ 2 ਸਬੂਤ ਦੇਣੇ ਪੈਣਗੇ :-

- *ਬੈਂਕ ਸਟੇਟਮੈਂਟ (ਪਿਛਲੇ 4 ਹਫਤਿਆਂ ਦੀ ਤਾਰੀਖ ਤੋਂ )*
- *ਬੈਨੀਫਿੱਟ ਪੇਮੈਂਟ ਦੀ ਬੁਕ ( ਅਸੀਂ ਇਹ ਚਾਹਵਾਂਗੇ ਕਿ ਇਸਨੂੰ ਡਾਕ ਰਾਹੀ ਨਾ ਭੇਜਿਆ ਜਾਵੇ ।*
- *ਜਨਮ ਸ੍ਰਟੀਫ਼ਿਕੇਟ/*
- *ਸਰਟੀਫ਼ਿਕੇਟ ਆਫ਼ ਇਮਪਲਾਇਮੈਂਟ ਇੰਨ ਐਚ ਐਮ ਫੋਰਸਿਸ*
- *ਸਰਟੀਫ਼ਿਕੇਟ ਆਫ਼ ਇਮਪਲਾਇਮੈਂਟ ਇੰਨ ਦਾ ਮਰਚੈਂਟ ਨੇਵੀ ।*
- *ਤਲਾਕ ਜਾਂ ਸਮਾਪਤੀ ਕਾਗਜ਼ਾਦ*
- *ਡਰਾਵਿੰਗ ਲਾਇਸੈਂਸ*
- *ਹੋਮ ਆਫਸ ਸਟੈਂਡਰਡ ਇਕਨੌਲੇਜ਼ਮੈਂਟ ਲੈਟਰ* (SAL 1 or 2 )
- *ਸ਼ਨਾਖਤੀ ਕਾਰਡ ਜਿਹੜੇ ਈ ਸੀ / ਈ ਈ ਏ ਮੈਂਬਰਾਂ ਦੇ ਰਾਸ਼ਟਰਾਂ ਵਲੋਂ ਦਿਤੇ ਹਨ ।*
- *ਵਕੀਲ/ਸੋਸ਼ਲ ਵਰਕਰ, ਪ੍ਰੋਬੇਸ਼ਨ ਅਫ਼ਸਰ/ਇੰਨਲੈਂਡ ਰਵਿਨਿਊ ਵਲੋਂ ਚਿੱਠੀ ।*
- *ਜੀਵਨ ਬੀਮਾ/ ਇੰਨਸ਼ੂਰੈਂਸ ਪਾਲਸੀ ।*
- *ਮੈਰਿਜ਼ ਸਰਟੀਫ਼ਿਕੇਟ ।*
- *ਨੈਸ਼ਨਲ ਇੰਨਸ਼ੂਰੈਂਸ ਨੰਬਰ ਕਾਰਡ ।*
- *ਪਾਸਪੋਰਟ ਮੌਜੂਦਾ ਅਤੇ ਜਾਇਜ਼ ।*
- *ਯੂਕੇ ਰੈਜ਼ੀਡੈਂਟ ਪਰਮਿਟ ।*
- *ਯੂਟਿੱਲਟੀ ਬਿੱਲ (ਵਿਆਕਤੀ ਦੇ ਨਾਮ ਦਾ ਜੋ ਪਿਛਲੇ ਚੌਥਾਈ ਸਮੇਂ ਦਾ ਬਿਲ ਹੋਵੇ)*
- *ਤਨਖਾਹ ਦੀ ਸਲਿੱਪ ਜਿਥੇ ਤੁਸੀਂ ਕੰਮ ਕਰਦੇ ਹੋ ।*

ਜਿਨ੍ਹਾਂ ਤੁਸੀਂ ਸੋਚਦੇ ਹੋਵੋਂਗੇ ਇਹ ਉਨਾਂ ਡਰਾਉਣਾ ਨਹੀਂ ਹੈ ਕਿਉਂਕਿ ਤੁਸੀਂ ਕਾਗਜ਼ਾਤ ਆਪਣੀ ਆਮਦਨੀ/ਬਚਤ ਦੇ ਸਬੂਤ ਲਈ ਵੀ ਦਿੰਦੇ ਹੋ ।
ਆਮਦਨੀ/ਬਚਤ ਦੇ ਸਬੂਤ ਲਈ ਤੁਹਾਨੂੰ ਸਾਰੀਆਂ ਆਮਦਨੀਆਂ ਅਤੇ ਧਨ-ਬਚਤਾਂ ਦੇ ਸਬੂਤ ਦੇਣ ਦੀ ਜ਼ਰੂਰਤ ਹੈ (ਜਿਵੇਂ 5 ਹਫਤਿਆਂ/ਦੋ ਮਹੀਨਿਆਂ ਦੀਆਂ ਤਨਖਾਹ ਦੀਆਂ ਰਸੀਦਾਂ, ਡੀ ਐਚ ਐਸ ਬੈਨੀਫ਼ਿੱਟ ਬੁਕ/ਚਿੱਠੀ, ਚਾਲੂ ਖਾਤੇ ਦੀ ਸਟੇਟਮੈਂਟ, ਯੂਨਿਟ ਟ੍ਰਸਟ ਆਦਿ )

## ਮੇਰੇ ਕਲੇਮ ਤੇ ਮੇਰੀ ਧੰਨ-ਬਚਤ ਦਾ ਕਿਵੇਂ ਪ੍ਰਭਾਵ ਪਵੇਗਾ ?

ਤੁਸੀਂ ਅਤੇ ਤੁਹਾਡੇ ਪਾਟਨਰ ਦੋਹਨਾਂ ਦੀ ਧੰਨ-ਬਚਤ £16,000 ਤੱਕ ਸਵੀਕਾਰ ਕੀਤੀ ਜਾਂਦੀ ਹੈ ਪਰ ਜੇਕਰ ਤੁਸੀਂ 60 ਸਾਲ ਜਾਂ ਜ਼ਿਆਦਾ ਉਮਰ ਦੇ ਹੋ ਤਾਂ £3,000 ਤੋਂ ਜ਼ਿਆਦਾ ਅਤੇ £6.000 ਤੱਕ ਤੁਹਾਡੇ ਕੌਂਸਲ ਟੈਕਸ/ ਹਾਊਸਿੰਗ ਬੈਨੀਫ਼ਿੱਟ ਲੈਣ ਵਿਚ ਅਸਰ ਪਾ ਸਕਦੀ ਹੈ । ਧੰਨ - ਬਚਤ ਵਿਚ ਸ਼ਾਮਿਲ ਹਨ :- ਚਾਲੂ ਖਾਤਾ, ਦੂਸਰੇ ਬੈਂਕ/ ਬਿਲਡਿੰਗ ਸੋਸਾਇਟੀ/ ਪੋਸਟ ਆਫ਼ਿਸ, ਯੂਨਿਟ ਟ੍ਰਸਟ, ਆਈ ਐਸ ਏ ਐਸ (ਪਹਿਲਾ ਇਹ Pep's ਸੀ ) ਨੈਸ਼ਨਲ ਸੇਵਿੰਗ ਸਰਟੀਫ਼ਿਕੇਟ ਸ਼ੇਅਰ ਪ੍ਰੀਮਿਅਮ ਬਾਂਡ ਅਤੇ ਮਲਕੀਤਾਂ ਆਦਿ ।

## ਜੇਕਰ ਮੈਂ ਬੈਨੀਫ਼ਿੱਟ ਲੈ ਰਿਹਾ ਹਾਂ ਅਤੇ ਹੁਣ ਮੇਰੇ ਹਾਲਾਤਾਂ ਵਿਚ ਤਬਦੀਲੀ ਆ ਗਈ ਹੈ ਤਾਂ ਹੁਣ ਮੈਂ ਕੀ ਕਰਾਂ ?

ਜੇਕਰ ਤੁਹਾਡੇ ਹਾਲਾਤ ਬਦੱਲ ਗਏ ਹਨ ਤਾਂ ਤੁਸੀਂ ਫੋਰਨ ਲਿਖਕੇ ਇਹ ਮਹੀਨੇ ਅੰਦਰ ਇਤਲਾਹ ਦਿਉ ਨਹੀਂ ਤਾਂ ਤੁਸੀਂ ਬੈਨੀਫ਼ਿੱਟ ਖੋ ਸਕਦੇ ਹੋ ।

ਤੁਹਾਨੂੰ ਹੇਠਾਂ ਦਿਤੇ ਹੋਏ ਪਤੇ ਤੇ ਆ ਕੇ ਦਸਣਾ ਪਵੇਗਾ ਜਾਂ ਫ਼ਿਰ ਆਪਣੀ ਸਥਿੱਤੀ ਬਾਰੇ ਬੈਨੀਫ਼ਿੱਟ ਚਿੱਠੀ ਦੇ ਨਾਲ ਪੀਲੇ ਫਾਰਮ ਨੂੰ ਭਰਕੇ ਭੇਜੋ ।
ਕਿਉਂਕਿ ਹਾਉਸਿੰਗ / ਕੌਂਸਲ ਟੈਕਸ ਬੈਨੀਫ਼ਿੱਟ ਆਮਦਨੀ/ਖਰਚੇ ਦੇ ਅਧਾਰ ਤੇ ਹੈ ਇਸ ਲਈ ਇਹ ਬਹੁਤ ਜ਼ਰੂਰੀ ਹੈ ਤੁਸੀਂ ਇਕ ਦੱਮ ਸਾਨੂੰ ਪਤਾ ਦੇਵੋ ਤਾਂ ਜੋ ਤੁਹਾਡਾ ਬੈਨੀਫ਼ਿੱਟ ਕੱਟ ਜਾਂ ਘੱਟ ਨਾ ਹੋਵੇ ।

ਹਾਲਾਤਾਂ ਵਿਚ ਤਬਦੀਲੀ ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵੀ ਮੈਂਬਰ ਸੰਬੰਧੀ ਹੋ ਸਕਦੀ ਹੈ, ਉਧਾਰਣਾਂ ਇਸ ਪ੍ਰਕਾਰ ਹਨ :-

- ਜਿਵੇਂ ਤੁਹਾਡਾ ਰਹਿਣ ਦਾ ਸਰਨਾਵਾਂ ਬਦਲ ਗਿਆ ਹੋਵੇ ।
- ਤੁਹਾਡੇ ਕਿਰਾਏ ਵਿਚ ਤਬਦੀਲੀ ਹੋਈ ਹੈ (ਪ੍ਰਾਇਵੇਟ ਕਿਰਾਏਦਾਰਾਂ ਲਈ)
- ਜੇਕਰ ਤੁਸੀਂ ਜਾਂ ਤੁਹਾਡਾ ਸਾਥੀ ਹਸਪਤਾਲ ਚਲਾ ਗਿਆ ਹੈ ।
- ਜੇਕਰ ਤੁਹਾਡੀ ਜਾਂ ਤੁਹਾਡੇ ਸਾਥੀ ਦੀ ਆਮਦਨੀ / ਧੰਨ-ਬਚਤ ਵਿਚ ਵਾਧਾ ਹੋਇਆ ਹੈ ਜਾਂ ਘਾਟ ਹੋਈ ਹੈ ।
- ਜੇਕਰ ਇਨਕੱਮ ਸਪੋਰਟ / ਜੌਬ ਸੀਕਰ ਅਲਾਉਂਸ ਬੰਦ ਹੋ ਗਿਆ ਹੈ ( ਇਹ ਨਹੀਂ ਸਮਝੋ ਕਿ ਡੀ ਐਸ ਐਸ ਆਪੇ ਸਾਨੂੰ ਦਸੇਗਾ )
-
    - ਕੰਮ ਕਰਨਾ ਸ਼ੁਰੂ ਕੀਤਾ ਜਾਂ ਨੌਕਰੀ ਬਦਲੀ ਹੋਵੇ ।
    - ਜੇਕਰ ਮਿਲਣ ਵਾਲੇ ਬੈਨੀਫ਼ਿੱਟ ਦੀ ਰਕਮ ਵਿਚ ਜਾਂ ਤੁਹਾਡੇ ਸਟੇਟ ਬੈਨੀਫ਼ਿੱਟ ਵਿਚ ਕੋਈ ਤਬਦੀਲੀ ਆਈ ਹੋਵੇ ।
    - ਜੇਕਰ ਤਨਖਾਹ ਵਿਚ ਵਾਧਾ/ਘਟਾ ਆਇਆ ਹੋਵੇ ।
    - ਜੇਕਰ ਪ੍ਰਾਇਵੇਟ ਪੈਂਨਸ਼ਨ ਵੱਧੀ ਹੋਵੇ ।
    - ਜੇਕਰ ਵਰਕਿੰਗ ਫੈਮਲੀਜ਼ ਟੈਕਸ ਕਰੈਡਿਟ ਘਟ ਜਾਂ ਵੱਧ ਹੋਇਆ ਹੋਵੇ ।

- **ਤਬਦੀਲੀਆਂ ਜਿਹਨਾਂ ਨਾਲ ਤੁਹਾਡੇ ਨਾਲ ਰਹਿੰਦੇ ਵਿਆਕਤੀਆਂ ਤੇ ਅਸਰ ਪੈਂਦਾ ਹੈ, ਜਿਸ ਵਿਚ ਸ਼ਾਮਿਲ ਹੈ :-**
    - ਕੋਈ ਤੁਹਾਡੇ ਨਾਲ ਆ ਕੇ ਰਹਿਣ ਲਗ ਪਿਆ ਹੋਵੇ ਜਾਂ ਫਿਰ ਘਰ ਛੱਡ ਗਿਆ ਹੋਵੇ ।
    - ਜੇਕਰ ਤੁਹਾਡੇ ਨਾਲ ਰਹਿੰਦੇ ਵਿਆਕਤੀ ਦੀ ਆਮਦਨੀ ਜਾਂ ਹਾਲਾਤਾਂ ਵਿਚ ਤਬਦੀਲੀ ਆਈ ਹੋਵੇ ਜਿਵੇਂ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ ਜਾਂ ( ਇਨਕੱਮ ਸਪੋਰਟ/ ਜੌਬ ਸੀਕਰਜ਼ ਅਲਾਉਂਸ ਬੰਦ ਹੋ ਗਿਆ ਹੋਵੇ ) ।
    - ਜੇਕਰ ਚਾਇਲਡ ਬੈਨੀਫ਼ਿੱਟ ਬੰਦ ਹੋ ਗਿਆ ਹੋਵੇ ।

ਇਹ ਲਿਸੱਟ ਸਪੂਰਣ ਨਹੀਂ ਹੈ, ਜੇਕਰ ਤੁਸੀਂ ਇਹ ਸਮਝਦੇ ਹੋਵੋ ਕਿ ਤੁਹਾਡੇ ਵਿਚਾਰ ਨਾਲ ਇਹ ਤਬਦੀਲੀਆਂ ਨਾਲ ਅਸਰ ਪਵੇਗਾ ਤਾਂ ਤੁਸੀਂ ਇਸ ਪੰਨੇ ਦੇ ਥੱਲੇ ਦਿਤੇ ਉਚਿੱਤ ਦਫ਼ਤਰ ਨੂੰ ਸੰਪਰਕ ਕਰੋ ।

## ਸਾਲਫਰਡ ਡਾਇਰੈਕਟ ਨੂੰ ਕਿਵੇਂ ਸੰਪਰਕ ਕਰਨਾ ਹੈ ।

ਛੋਟ ਅਤੇ ਕਟੌਤੀ ਅਤੇ ਦੂਸਰੇ ਕੌਂਸਲ ਟੈਕਸ ਦੀਆਂ ਜਾਣਕਾਰੀਆਂ ਲਈ ਕ੍ਰਿਪਾ ਟੈਲੀਫੋਨ ਰਾਹੀ ਕਸਟਮਰ ਕੌਨਟੈਕਟ ਕੇਂਦਰ ਨੂੰ **0161-909 6502** ਤੇ ਸੰਪਰਕ ਕਰੋ ।
ਹਾਉਸਿੰਗ/ਕੌਂਸਲ ਟੈਕਸ ਬੈਨੀਫ਼ਿੱਟ ਵਾਰ ਪ੍ਰਾਇਵੇਟ ਕਿਰਾਏਦਾਰਾਂ/ਮਾਲਕ ਵਲੋਂ ਰਿਹਾਇਸ਼ੀ ਪ੍ਰਾਪਟੀਆਂ ਲਈ ਜਾਣਕਾਰੀ ਕਸਟਮਰ ਕੌਨਟੈਕਟ ਕੇਂਦਰ ਨੂੰ ਟੈਲੀਫੋਨ ਰਾਹੀ **0161- 909 6504** ਤੇ ਸੰਪਰਕ ਕਰੋ ।
ਸਥਾਨਿਕ ਅਥਾਰਟੀਆਂ ਦੀਆਂ ਪ੍ਰਾਪਟੀਆਂ ਦੇ ਮਾਲਕਾਂ ਨੂੰ ਹਾਉਸਿੰਗ/ਕੌਂਸਲ ਟੈਕਸ਼ ਬੈਨੀਫ਼ਿੱਟ ਦੀ ਜਾਣਕਾਰੀ ਲਈ ਕ੍ਰਿਪਾ ਟੈਲੀਫੋਨ ਰਾਹੀ ਕਸਟਮਰ ਕੌਂਨਟੈਕਟ ਕੇਂਦਰ ਨੂੰ **0161- 909 6506** ਤੇ ਸੰਪਰਕ ਕਰੋ ।
ਸਾਲਫ਼ਰਡ ਡਾਇਰੈਕਟ ਹੁਣ ਦੋ ਭਾਸ਼ਿਆਂ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ ਕ੍ਰਿਪਾ ਵੇਰਵੇ ਅਤੇ ਸਹਾਇਤਾ ਲਈ ਕਿਸੇ ਵੀ ਉਤੇ ਦਿਤੇ ਨੰਬਰ ਤੇ ਸੰਪਰਕ ਕਰੋ ।
ਜੇਕਰ ਤੁਸੀਂ ਆਪ ਆਉਂਦੇ ਹੋ ਤਾਂ
ਸਾਲਫ਼ਰਡ ਡਾਇਰੈਕਟ ਦੇ ਕਸਟਮਰ ਸਰਵਿਸਜ਼ ਸੀਵੀਕ ਸੈਂਟਰ ਤੇ ਆਵੋ ਜੋ ਚੌਰਲੇ ਰੋਡ, ਸਵਿੰਟਨ ਵਿਖੇ ਸਥਿਤ ਹੈ ।
ਈ ਮੇਲ **Revenues@Salford.gov.uk**
ਡਾਕ ਰਾਹੀ
**Salford Direct Salford Civic Centre, Chorley Road, Swinton, M27 5AW**